# ਭਾਰਤ-ਈਯੂ ਕਨੈਕਟੀਵਿਟੀ ਕਾਨਫਰੰਸ

31 ਮਈ, 2023

ਵਿਦੇਸ਼ ਮੰਤਰਾਲਾ, ਭਾਰਤ ਲਈ ਯੂਰਪੀ ਸੰਘ ਪ੍ਰਤੀਨਿਧੀ ਮੰਡਲ ਅਤੇ ਏਸ਼ੀਅਨ ਕਨਫਲੂਏਂਸ ਸਾਂਝੇ ਤੌਰ 'ਤੇ 01 - 02 ਜੂਨ 2023 ਨੂੰ ਮੇਘਾਲਿਆ ਵਿੱਚ ਭਾਰਤ - ਯੂਰਪੀਅਨ ਯੂਨੀਅਨ ਕਨੈਕਟੀਵਿਟੀ ਕਾਨਫਰੰਸ ਦਾ ਆਯੋਜਨ ਕਰ ਰਿਹਾ ਹੈ। ਕਾਨਫਰੰਸ ਦਾ ਉਦੇਸ਼ ਭਾਰਤ ਦੇ ਉੱਤਰ ਪੂਰਬੀ ਰਾਜਾਂ ਅਤੇ ਗੁਆਂਢੀ (ਨੇਪਾਲ, ਭੂਟਾਨ ਅਤੇ ਬੰਗਲਾਦੇਸ਼) ਦੇਸ਼ਾਂ ਨਾਲ ਕਨੈਕਟੀਵਿਟੀ ਨਿਵੇਸ਼ ਨੂੰ ਹੁਲਾਰਾ ਦੇਣ ਦੀਆਂ ਸੰਭਾਵਨਾਵਾਂ ਦਾ ਪਤਾ ਲਗਾਉਣਾ ਹੈ।

2. ਕਾਨਫ਼ਰੰਸ, ਭਾਰਤ - ਈਯੂ ਕਨੈਕਟੀਵਿਟੀ ਭਾਈਵਾਲੀ ਦਾ ਇੱਕ ਸਿੱਟਾ ਹੈ ਜੋ ਮਈ 2021 ਵਿੱਚ ਭਾਰਤ - ਯੂਰਪੀ ਯੂਨੀਅਨ ਦੇ ਨੇਤਾਵਾਂ ਦੀ ਮੀਟਿੰਗ ਦੌਰਾਨ ਸ਼ੁਰੂ ਕੀਤੀ ਗਈ ਸੀ। ਕਾਨਫਰੰਸ ਤਿੰਨ ਥੰਮ੍ਹਾਂ ਰਾਹੀਂ ਕਨੈਕਟੀਵਿਟੀ 'ਤੇ ਧਿਆਨ ਕੇਂਦਰਿਤ ਕਰੇਗੀ: ਜਿਸਦਾ ਮੰਤਵ ਡਿਜੀਟਲ, ਊਰਜਾ ਅਤੇ ਆਵਾਜਾਈ ਸਬੰਧੀ ਸਾਂਝੇ ਲਾਗੂ ਕਰਨ ਯੋਗ ਠੋਸ ਪ੍ਰੋਜੈਕਟਾਂ ਦਾ ਪਤਾ ਲਗਾਉਣਾ ਹੈ। ਭਾਰਤ - ਈਯੂ ਟਰੇਡ ਐਂਡ ਟੈਕਨਾਲੋਜੀ ਕਾਉਂਸਿਲ (ਟੀਟੀਸੀ) ਦੀ ਹਾਲ ਹੀ ਵਿੱਚ ਸਮਾਪਤ ਹੋਈ ਮੰਤਰੀ ਪੱਧਰੀ ਮੀਟਿੰਗ ਵਿੱਚ ਵੀ ਇਹਨਾਂ ਦੀ ਪਛਾਣ ਕੀਤੀ ਗਈ ਸੀ।

3. ਕਾਨਫਰੰਸ ਦਾ ਉਦਘਾਟਨ ਮੇਘਾਲਿਆ ਦੇ ਮੁੱਖ ਮੰਤਰੀ ਸ਼੍ਰੀ ਕੋਨਰਾਡ ਕੋਂਗਕਲ ਸੰਗਮਾ ਅਤੇ ਵਿਦੇਸ਼ ਰਾਜ ਮੰਤਰੀ ਡਾ. ਰਾਜਕੁਮਾਰ ਰੰਜਨ ਸਿੰਘ ਕਰਨਗੇ। ਇਸ ਵਿੱਚ ਭਾਰਤ ਸਰਕਾਰ ਦੇ ਸੀਨੀਅਰ ਅਧਿਕਾਰੀਆਂ, ਈਯੂ ਕਮਿਸ਼ਨ, ਭਾਰਤ ਦੇ ਉੱਤਰ ਪੂਰਬੀ ਰਾਜਾਂ ਦੀਆਂ ਸਰਕਾਰਾਂ, ਨੇਪਾਲ, ਭੂਟਾਨ ਅਤੇ ਬੰਗਲਾਦੇਸ਼ ਦੀਆਂ ਸਰਕਾਰਾਂ ਅਤੇ ਨਿੱਜੀ ਖੇਤਰ ਦੇ ਹਿੱਸੇਦਾਰਾਂ ਦੇ ਭਾਗ ਲੈਣ ਅਤੇ ਇਸ ਵਿਸ਼ੇ ਬਾਰੇ ਆਪਣੀ ਸੂਝ ਅਤੇ ਵਿਚਾਰ ਪੇਸ਼ ਕਰਨ ਦੀ ਉਮੀਦ ਕੀਤੀ ਜਾਂਦੀ ਹੈ।

**ਨਵੀਂ ਦਿੱਲੀ**

**31 ਮਈ, 2023**